Punjabi Daily

# ਪੰਜਾਬੀ ਡੇਲੀ

Member of Punjabi Press Club of Canada www.PunjabiDaily.com General: info@PunjabiDaily.com, Press Releases: newsroom@PunjabiDaily.com

Tel: 416-661-7272, Fax: 416-661-7273 Vol. 3, No. 989 Friday, September 10, 2010 26 ਭਾਦੋਂ, ਨਾਨਕਸ਼ਾਹੀ ਸੰਮਤ 542

## ਸੇਵਾ ਫੂਡ ਬੈਂਕ ਨੇ ਦਰਵਾਜ਼ੇ ਖੋਲੇ

# ਵੰਡ ਛਕਣ ਦਾ ਸਿਧਾਂਤ ਸੁਰਜੀਤ ਹੋਇਆ




Photo; Pabla Studio 647-293-9578

ਬਰੈਂਪਟਨ/ ਡੇਲੀ ਬਿਊਰੋ/ ਮਿਸੀਸਾਗਾ ਫੂਡ ਬੈਂਕ ਨਾਲ ਮਿਲ ਕੇ ਸਿੱਖ ਨੌਜੁਆਨਾਂ ਦੇ ਇੱਕ ਗਰੁੱਪ "ਸਿੱਖਸ ਸਰਵਿੰਗ ਕੈਨੇਡਾ" ਵਲੋਂ ਅੱਜ ਮਿਸੀਸਾਗਾ ਵਿੱਚ ਸੇਵਾ ਫੂਡ ਬੈਂਕ ਸਥਾਪਤ ਕਰ ਦਿੱਤੀ ਹੈ ਜਿਸ ਦੀ ਗਰੈਂਡ ਓਪਨਿੰਗ ਤੇ ਦਰਜਨ ਰਾਜਨੀਤਕ ਲੋਕਾਂ ਨੇ ਹਾਜ਼ਰੀ ਲੁਆਈ। ਕਈ ਦਰਜਨਾਂ ਸਿੱਖ ਸੰਗਤ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਬਹੁਤਾਤ ਵਿੱਚ ਯੁਵਕ ਵਰਗ ਅਤੇ ਉਨਾਂ ਦੇ ਪ੍ਰੀਵਾਰ ਸ਼ਾਮਲ ਸਨ। ਉਨਟਾਰੀਓ ਵਿੱਚ ਤਿੰਨ ਦਰਜਨਾਂ ਗੁਰਦੁਆਰਿਆਂ ਦੇ ਬਾਵਜੂਦ, ਸਿੱਖੀ ਦੇ ਇਸ ਮੁੱਢਲੇ ਸਿਧਾਂਤ ਤੇ ਪਹਿਰਾ ਦੇਣ ਵਾਲੇ ਇਸ ਪ੍ਰਾਜੈਕਟ ਦੀ ਸੁ਼ਰੂਆਤ ਲਈ ਨੌਜੁਵਾਨਾਂ ਨੂੰ ਹੱਲਾਸ਼ੇਰੀ ਦੇਣ ਲਈ ਉਨਟ-ਾਰੀਓ ਦੇ ਸਿਰਫ ਇੱਕ ਗੁਰਦੁਆਰੇ, ਹਾਲਟਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸ੍ਰ. ਸੰਸਾਰ ਸਿੰਘ ਰਾਏ ਅਤੇ ਗੁਰਦੇਵ ਸਿੰਘ ਨੇ ਦੀ ਸ਼ਮੂਲੀਅਤ ਕੀਤੀ। ਗੁਰਦੁਆਰਿਆਂ ਵਿੱਚ ਹਰ ਹਫਤੇ ਹਜ਼ਾਰਾਂ ਦੀ ਤਾਦਾਦ ਵਿੱਚ ਰੱਜੀ ਪੁੱਜੀ ਸੰਗਤ ਨੂੰ ਭੋਜਨ ਛਕਾਇਆ ਜਾਂਦਾ ਹੈ ਜਿਸ ਦੀ ਬਜਾਏ ਭੁੱਖਿਆਂ ਨੂੰ ਖਾਣਾ ਖੁਆਉਣਾ ਸਿੱਖੀ ਸਿਧਾਂਤਾਂ ਦੇ ਅਨੁਕੂਲ ਹੈ।

ਅੱਜ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਵੱਡੀ ਤਾਦਾਦ ਵਿੱਚ ਰਾਜਨੀਤਕ ਲੋਕਾਂ ਨੇ ਸਿੱਖੀ ਸਿਧਾਂਤਾਂ ਤੋਂ ਜਾਣੂ ਹੁੰਦਿਆਂ ਇਸਦੀ ਸ਼ਲਾਘਾ ਕੀਤੀ। ਪ੍ਰਬੰਧਕਾਂ ਵਲੋਂ "ਸੇਵਾ" ਦਾ ਮਤਲਬ "ਸਵਾਰਥਹੀਣ ਸੇਵਾ" ਟੀ ਸ਼ਰਟਾਂ ਤੇ ਛਾਪਿਆ ਹੋਇਆ ਸੀ ਜਿਸ ਨੇ ਗੈਰ ਸਿੱਖ ਰਾਜਨੀਤਕਾਂ ਨੂੰ ਬੜਾ ਪ੍ਰਭਾਵਿਤ ਕੀਤਾ।

ਮਿਸੀਸਾਗਾ ਦੀ ਮੇਅਰ ਹੇਜ਼ਲ ਮਕੈਲੀਅਨ ਨੇ ਇਸ ਮੌਕੇ ਸੇਵਾ ਫੂਡ ਬੈਂਕ ਦੇ ਮਹੱਤਵ ਨੂੰ ਬਿਆਨਦਿਆਂ ਇਸਦੀ ਜਰੂਰਤ ਦੀ ਗੱਲ ਦੁਹਰਾਈ। ਸੇਵਾ ਫੂਡ ਬੈਂਕ ਦੀ ਡਾਇਰੈਕਟਰ ਬਰਿੰਦਰ ਕੌਰ ਗਿੱਲ ਨੇ ਕਿਹਾ ਕਿ ਦੋ ਸਾਲਾਂ ਦੀ ਮਿਹਨਤ ਤੋਂ ਬਾਅਦ ਅਸੀਂ ਇਸਨੂੰ ਚਾਲੂ ਕਰ ਸਕੇ ਹਾਂ। ਸੇਵਾ ਫੂਡ ਬੈਂਕ ਤੋਂ ਲੋੜਵੰਦ ਪ੍ਰੀਵਾਰ 7-10 ਦਿਨ੍ਹਾਂ ਦਾ ਖਾਣਾ ਪ੍ਰਾਪਤ ਕਰ ਸਕਣਗੇ। ਇਹ ਹਫਤੇ ਵਿੱਚ ਤਿੰਨ ਵਾਰ ਹਰ ਬੁੱਧਵਾਰ ਸ਼ਾਮ ਅਤੇ ਐਤਵਾਰ ਨੂੰ ਸਵੇਰੇ ਅਤੇ ਬਾਅਦ ਦੁਪਹਿਰ ਸੇਵਾ ਕਰਿਆ ਕਰੇਗੀ।

ਇਸ ਮੌਕੇ ਦੱਸਿਆ ਗਿਆ ਕਿ ਸੇਵਾ ਫੂਡ ਬੈਂਕ 1 ਸਤੰਬਰ ਤੋਂ ਚਾਲੂ ਹੈ ਅਤੇ 3000 ਪੌਂਡ ਖਾਣੇ ਦਾ ਭੁਗਤਾਨ ਕਰ ਚੁੱਕੀ ਹੈ। ਸੇਵਾ ਫੂਡ ਬੈਂਕ ਵਲੋਂ ਦਿੱਤੇ ਗਏ ਅੰਕੜੇ ਬੜੇ ਦਿਲ ਕੰਬਾਊ ਹਨ ਕਿ 34% ਫੂਡ ਬੈਂਕ ਤੇ ਆਉਣ ਵਾਲੇ ਬੱਚੇ ਹਨ, 15% ਬੱਚੇ ਹਫਤੇ ਵਿੱਚ ਇੱਕ ਵਾਰ ਭੁੱਖ ਹੰਢਾਉਂਦੇ ਹਨ, 39% ਬਾਲਗ ਲੋਕ ਹਫਤੇ ਵਿੱਚ ਇੱਕ ਵਾਰ ਭੁੱਖੇ ਗੁਜ਼ਾਰਦੇ ਹਨ ਅਤੇ 45% ਉਹ ਲੋਕ ਫੂਡ ਬੈਂਕ ਵਰਤਦੇ ਹਨ ਜਿਹੜੇ ਬਿਮਾਰੀ ਦੀ ਹਾਲਤ ਵਿੱਚ ਹਨ ਜਾਂ ਅਪਾਹਜ਼ ਹਨ।

ਸੇਵਾ ਫੂਡ ਬੈਂਕ, ਇੱਕ ਨਿਵੇਕਲਾ

ਬਾਕੀ ਸਫਾ 8 ਤੇ

## ਪੰਜਾਬੀ, ਪੰਜਾਬੀ ਫਿਲਮ ਬਜਾਏ ਹਿੰਦੀ ਫਿਲਮ ਵੇਖਣ ਨੂੰ ਤਰਜੀਹ ਦਿੰਦੇ ਹਨ






ਪ੍ਰਾਜੈਕਟ ਹੈ ਜਿਸ ਨੂੰ ਸਿੱਖੀ ਕਦਰਾਂ ਕੀਮਤਾਂ ਵਿੱਚ ਸਭ ਤੋਂ ਵੱਧ ਮਾਣ ਪ੍ਰਾਪਤ ਹੈ। ਗੁਰੂ ਨਾਨਕ ਸਾਹਿਬ ਵਲੋਂ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੰਗਰ ਦੀ ਜੋ ਪ੍ਰਥਾ ਸੁ਼ਰੂ ਕੀਤੀ ਸੀ ਉਸਦੀ ਅਸਲੀ ਤਸਵੀਰ ਅੱਜ ਇਸ ਬੈਂਕ ਦੇ ਖੁੱਲਣ ਤੇ ਮੁੜ ਕੇ ਸੁਰਜੀਤ ਹੋਈ ਹੈ।

ਇਥੇ ਬਿਨ੍ਹਾਂ ਕਿਸੇ ਭੇਦ ਭਾਵ ਦੇ ਮਨੁੱਖਤਾ ਦੀ ਸੇਵਾ ਕੀਤੀ ਜਾਵੇਗੀ। ਸੇਵਾ ਫੂਡ ਬੈਂਕ, ਸਿੱਖੀ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਦੀ ਇੱਕ ਜਿਉਂਦੀ ਜਾਗਦੀ ਤਸਵੀਰ ਹੈ।

ਸੇਵਾ ਫੂਡ ਬੈਂਕ ਦੇ ਪ੍ਰਬੰਧਕਾਂ ਦਾ ਮੁੱਖਧਾਰਾ ਦੀ ਸਿੱਖ ਕਮਿਊਨਟੀ ਨਾਲ ਕੋਈ ਤਾਲਮੇਲ ਨਹੀਂ ਲੱਗ ਰਿਹਾ ਜਿਹੜਾ ਸੇਵਾ ਫੂਡ ਬੈਂਕ ਦੇ ਵਿਕਾਸ ਵਿੱਚ ਖੜੋਤ ਦਾ ਕਾਰਨ ਬਣ ਸਕਦਾ ਹੈ। ਅੱਜ ਦੇ ਸਮਾਗਮ ਵਿੱਚ ਪ੍ਰਬੰਧਕਾਂ ਵਲੋਂ ਦਰਜਨ ਦੇ ਕਰੀਬ ਆਏ ਰਾਜਨੀਤਕਾਂ ਵੱਲ ਹੀ ਤਵੱਜੋ ਦਿੱਤੀ ਗਈ, ਜਦੋਂ ਕਿ ਸਮਾਗਮ ਵਿੱਚ ਉਚੇਚ ਤੌਰ ਤੇ ਸ਼ਾਮਲ ਹੋਏ ਓਕਵੈਲ ਗੁਰਦੁਆਰੇ ਦੇ ਪ੍ਰਬੰ ਧਕਾਂ ਨੂੰ ਰੈਕਗਨਾਈਜ਼ ਤੱਕ ਨਹੀਂ ਕੀਤਾ ਗਿਆ, ਜੋ ਚੰਗਾ ਰੁਝਾਨ ਨਹੀਂ ਹੈ। ਪ੍ਰਬੰਧਕਾਂ ਦਾ ਰਵੱਈਆ ਵੀ ਸਿੱਖੀ ਕਦਰਾਂ ਕੀਮਤਾਂ ਅਨੁਕੂਲ ਹੋਣਾ ਜਰੂਰੀ ਹੈ।